**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਸਸਅ/ਮੀਡੀਆ/2010/**67675-67694**
ਮਿਤੀ ਚੰਡੀਗੜ੍ਹ **01.11.2010**

ਵਿਸ਼ਾ: ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਰਿਪੋਰਟ ਕਾਰਡ ਭਰਨ ਸਬੰਧੀ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਬੱਚਿਆਂ ਦੀ ਪ੍ਰਗਤੀ ਜਾਣਨ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਇਹ ਨਿਰਣਾ ਲਿਆ ਗਿਆ ਸੀ ਕਿ ਬੱਚਿਆਂ ਦਾ ਮੁਲਾਂਕਣ ਸਮੇਂ ਸਮੇਂ ਸਿਰ ਕੀਤਾ ਜਾਵੇ ਅਤੇ ਇਸ ਮੁਲਾਂਕਣ ਨੂੰ ਹਰ ਮਹੀਨੇ ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਕਾਰਡ ਤੇ ਇਸ ਨੂੰ ਲਿਖਣ ਉਪਰੰਤ ਇਸ ਤੇ ਬੱਚੇ ਦੇ ਮਾਤਾ-ਪਿਤਾ ਤੋਂ ਵੀ ਦਸਤਖ਼ਤ ਕਰਵਾਏ ਜਾਣ। ਸਰਕਾਰ ਵੱਲੋਂ ਇਹਨਾਂ ਪ੍ਰਗਤੀ ਰਜਿਸਟਰਾਂ ਅਤੇ ਪ੍ਰਗਤੀ ਕਾਰਡਾਂ ਦੀ ਛਪਾਈ ਤੇ ਕਾਫ਼ੀ ਪੈਸਾ ਇਸ ਉਦੇਸ਼ ਨਾਲ ਖਰਚ ਕੀਤਾ ਗਿਆ ਹੈ ਕਿ ਬੱਚਿਆਂ ਦੀ ਅਕਾਦਮਿਕ ਅਤੇ ਸਹਿ ਵਿੱਦਿਅਕ ਸਰਗਰਮੀਆਂ ਨੂੰ ਚੰਗੀ ਤਰ੍ਹਾਂ ਅਧਿਆਪਕ ਅਤੇ ਬੱਚਿਆਂ ਦੇ ਮਾਤਾ ਪਿਤਾ ਵੱਲੋਂ ਮੁਨੀਟਰ ਕੀਤਾ ਜਾ ਸਕੇ। ਪਰ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਬਹੁਤ ਸਾਰੇ ਸਕੂਲਾਂ ਅੰਦਰ ਅਧਿਆਪਕਾਂ ਵੱਲੋਂ ਇਹਨਾਂ ਪ੍ਰਗਤੀ ਰਜਿਸਟਰਾਂ ਅਤੇ ਪ੍ਰਗਤੀ ਕਾਰਡਾਂ ਨੂੰ ਚੰਗੇ ਤਰੀਕੇ ਨਾਲ ਭਰਿਆ ਨਹੀਂ ਜਾਂਦਾ ਅਤੇ ਨਾ ਹੀ ਇਸ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਪ੍ਰਗਤੀ ਕਾਰਡਾਂ ਤੇ ਬੱਚਿਆਂ ਦੇ ਮਾਪਿਆਂ ਤੇ ਦਸਤਖ਼ਤ ਵੀ ਨਹੀਂ ਕਰਵਾਏ ਜਾਂਦੇ।

3.0 ਪ੍ਰਗਤੀ ਰਜਿਸਟਰ ਤੇ ਪ੍ਰਗਤੀ ਕਾਰਡ ਜਮਾਤ ਚੌਥੀ ਅਤੇ ਪੰਜਵੀਂ ਜਮਾਤ ਦੇ ਹਰੇਕ ਬੱਚੇ ਲਈ ਹਨ। ਇਹਨਾਂ ਦਾ ਰਿਕਾਰਡ ਹਰ ਹਾਲਤ ਵਿੱਚ ਮੁਕੰਮਲ ਰੱਖਿਆ ਜਾਵੇ ਅਤੇ ਇਹਨਾਂ ਦੇ ਮਾਪਿਆਂ ਦੇ ਦਸਤਖ਼ਤ ਵੀ ਕਰਵਾਏ ਜਾਣ।

4.0 ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਕਾਰਡ ਠੀਕ ਤਰੀਕੇ ਨਾਲ ਵਰਤੇ ਜਾ ਰਹੇ ਹਨ।

5.0 ਸੀ.ਐਮ.ਟੀ. ਅਤੇ ਬੀ.ਐਮ.ਟੀ. ਜਦ ਵੀ ਸਕੂਲਾਂ ਅੰਦਰ ਵਿਜ਼ਟ ਲਈ ਜਾਂਦੇ ਹਨ ਤਾਂ ਉਹ ਬਕਾਇਦਾ ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਕਾਰਡਾਂ ਨੂੰ ਜ਼ਰੂਰ ਦੇਖਣ ਕਿ ਅਧਿਆਪਕਾਂ ਵੱਲੋਂ ਉਹਨਾਂ ਨੂੰ ਭਰਿਆ ਗਿਆ ਹੈ ਕਿ ਨਹੀਂ। ਜੇਕਰ ਇਹ ਪ੍ਰਗਤੀ

ਚੱਲਦਾ ਪੰਨਾ ਨੰ. 02

ਕਾਰਡ ਅਤੇ ਪ੍ਰਗਤੀ ਰਜਿਸਟਰ ਸਕੂਲਾਂ ਅੰਦਰ ਨਹੀਂ ਭਰੇ ਜਾਂਦੇ ਤਾਂ ਇਸ ਦੀ ਸੂਚਨਾ ਤੁਰੰਤ ਦਫ਼ਤਰ ਨੂੰ ਦਿੱਤੀ ਜਾਵੇ।

6.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪਿੱਠਅੰਕਣ ਨੰ. ਉਕਤ **67695** ਮਿਤੀ **01.11.2010**

ਉਤਾਰਾ(1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।(ਵੈੱਬਸਾਇਟ ਰਾਹੀਂ)

(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ